# ਹਿੰਦੁਸਤਾਨ ਵਿਚ ਪਿਛਲੇ ਸਾਲ ਅਮੀਰ ਹੋਰ ਅਮੀਰ ਹੋ ਗਏ

ਹਾਲ ਵਿਚ ਹੀ ਇਕ ਅਮਰੀਕਨ ਕੰਪਨੀ  ਕੰਪੀਗਿਨੀ ਅਤੇ ਮੈਰਿਲ ਲਿੰਚ ਵਲੋਂ ਛਾਪੀ ਗਈ ਇਕ ਰਿਪੋਰਟ ਮੁਤਾਬਿਕ ਹਿੰਦੁਸਤਾਨ ਵਿਚ  ਵਸੋਂ ਦੇ ਇਕ ਫੀ ਸਦੀ ਅਮੀਰਾਂ ਕੋਲ ਹਿੰਦੁਸਤਾਨ ਦੀ ਨੈਸ਼ਨਲ ਇੰਕਮ ਦਾ ਇਕ ਤਿਹਾਈ ਹਿੱਸਾ ਹੈ। ਪਿਛਲੇ ਸਾਲ ਨਾਲੋਂ ਇਸ ਸਾਲ ਇਨ੍ਹਾਂ ਦੀ ਅਮੀਰੀ ਹੋਰ ਵੀ ਵੱਧ ਗਈ ਹੈ। ਇਸ ਰਿਪੋਰਟ ਮੁਤਾਬਿਕ ਹਿੰਦੁਸਤਾਨ ਵਿਚ ਇਕ ਲੱਖ ਵੀਹ ਹਜ਼ਾਰ ਅਮੀਰ ਐਸੇ ਹਨ ਜਿਨ੍ਹਾਂ ਵਿਚੋਂ ਹਰੇਕ ਦੇ ਹੱਥ ਵਿਚ ਐਨੀ ਦੌਲਤ ਹੈ ਕਿ ਸ਼ਹਿਰਾਂ ਵਿਚ ਵਸਣ ਵਾਲੇ ਇਕ ਜਣੇ ਨੂੰ ਏਨਾ ਪੈਸਾ ਕਮਾਉਣ ਲਈ 2238 ਸਾਲ ਲਗਣਗੇ ਅਤੇ ਪਿੰਡਾ ਵਿਚ ਵਸਣ ਵਾਲੇ ਇਕ ਬੰਦੇ ਨੂੰ 3814 ਸਾਲ ਲਗ ਜਾਣਗੇ ਬਸ਼ਰਤੇ ਕਿ ਉਹ ਆਪਣੀ ਕਿਸੇ ਵੀ ਜ਼ਰ,ਰਤ ਤੇ ਕੋਈ ਪੈਸਾ ਨਾ ਖ਼ਰਚ ਕਰਨ। ਜੇ ਉਨ੍ਹਾਂ ਨੇ ਆਪਣੀਆਂ ਜ਼ਰੂਰਤਾਂ ਵੀ ਪੂਰੀਆਂ ਕਰਨੀਆਂ ਹਨ ਤਾਂ ਫਿਰ ਹਿਸਾਬ ਲਾਉਣਾ ਮੁਸ਼ਕਿਲ ਹੀ ਹੈ ਕਿ ਕਿਨੇ ਕੁ ਸਾਲ ਲੱਗਣਗੇ।

ਇਸੇ ਰਿਪੋਰਟ ਮੁਤਾਬਿਕ ਹੀ ਪਿਛਲੇ ਸਾਲ ਵਿਚ ਕਰੋੜਾਂ ਹੀ ਗਰੀਬ ਲੋਕ ਹੋਰ ਗਰੀਬ ਹੋ ਗਏ ਅਤੇ ਗਰੀਬਾਂ ਦੀ ਗਿਣਤੀ ਹੋਰ ਵੱਧ ਗਈ ਹੈ। ਅਮੀਰਾਂ ਦਾ ਹੋਰ ਅਮੀਰ ਹੋਣਾ ਅਤੇ ਗਰੀਬਾਂ ਦਾ ਹੋਰ ਗਰੀਬ ਹੋਣਾ ਕੋਈ ਅਜੀਬ ਜਾਂ ਇਤਫਾਕ ਦੀ ਗੱਲ ਨਹੀਂ ਹੈ। ਹਿੰਦੁਸਤਾਨ ਵਿਚ ਜਿਹੜਾ ਆਰਥਕ ਢਾਂਚਾ ਅੰਗ੍ਰੇਜ਼ਾਂ ਨੇ ਕਾਇਮ ਕੀਤਾ ਅਤੇ ਜਿਸਨੂੰ 1947 ਦੇ ਬਾਅਦ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜਤੰਤ੍ਰ ਅਤੇ ਰਿਆਸਤ ਨੇ ਜਾਰੀ ਰੱਖਿਆ ਹੈ ਉਸ ਵਿਚ ਹੋਰ ਕੁਝ ਹੋ ਹੀ ਨਹੀਂ ਸਕਦਾ। ਇਸ ਆਰਥਿਕ ਨਿਜ਼ਾਮ ਦੀ ਇਹ ਜੱਦੀ ਖਾਸੀਅਤ ਹੈ ਕਿ ਜੇ ਇਕ ਪਾਸੇ ਦੀ ਦੌਲਤ ਵੱਧਦੀ ਹੈ ਤਾਂ ਦੂਸਰੇ ਪਾਸੇ ਦੀ ਗਰੀਬੀ ਵਧਦੀ ਹੈ ਕਿਉਂਕਿ ਇਸ ਨਿਜ਼ਾਮ ਦੀ ਬੁਨਿਆਦ ਹੀ ਬਹੁਤਿਆਂ ਦੀ ਦੌਲਤ ਲੁੱਟ ਕੇ ਥੋੜਿਆਂ ਦੇ ਹੱਥ ਵਿਚ ਦੇਣਾ ਹੈ। ਸਮਾਜ ਵਿਚ ਦੌਲਤ ਕੁਦਰਤੀ ਵਸੀਲਿਆਂ ਅਤੇ ਮਿਹਨਤ ਨਾਲ ਪੈਦਾ ਹੁੰਦੀ ਹੈ। ਕੁਦਰਤੀ ਵਸੀਲੇ ਕੱਚੇ ਮਾਲ ਦੇ ਰੂਪ ਵਿਚ ਇਨਸਾਨ ਦੀ ਮਿਹਨਤ ਨਾਲ ਦੌਲਤ ਵਿਚ ਤਬਦੀਲ ਕੀਤੇ ਜਾਂਦੇ ਹਨ। ਪੂਰੇ ਸਮਾਜ ਦੀ ਜਿਸਮਾਨੀ ਤੇ ਜ਼ਿਹਨੀ ਮਿਹਨਤ ਨਾਲ ਦੌਲਤ ਹੋਂਦ ਵਿਚ ਆਉਂਦੀ ਹੈ। ਪਰ ਇਸ ਆਰਥਕ ਢਾਂਚੇ ਵਿਚਲੀ ਲੁਟ ਤੇ ਸਮਾਜ ਵਿਚਲੀ ਕਾਣੀ ਵੰਡ ਕਰਕੇ ਦੌਲਤ ਪੈਦਾ ਕਰਨ ਵਾਲਿਆਂ ਦੇ ਹੱਥਾਂ ਵਿਚੋਂ ਦੌਲਤ ਖੋਹ ਹੋ ਕੇ ਅਮੀਰਾਂ ਦੇ ਹੱਥ ਵਿਚ ਚਲੀ ਜਾਂਦੀ ਹੈ ਤੇ ਨਤੀਜਾ ਇਹ ਹੁੰਦਾ ਹੈ ਕਿ ਅਮੀਰ ਹੋਰ ਅਮੀਰ ਹੁੰਦੇ ਜਾਂਦੇ ਹਨ ਅਤੇ ਗਰੀਬ ਹੋਰ ਗਰੀਬ ਹੋ ਜਾਂਦੇ ਹਨ।

ਸਮਾਜ ਵਿਚ ਦੌਲਤ ਪੈਦਾ ਕਰਨ ਵਾਲੇ ਹੋਰ ਹਨ ਅਤੇ ਉਸਨੂੰ ਆਪਣੇ ਹੱਥਾਂ ਵਿਚ ਲੈਣ ਵਾਲੇ ਹੋਰ ਹਨ। ਰਿਆਸਤ ਅਤੇ ਰਾਜਤੰਤ੍ਰ ਵੀ ਉਨ੍ਹਾਂ ਦੇ ਹੱਥ ਹੀ ਹੈ ਜਿਹੜੇ ਆਪ ਦੌਲਤ ਪੈਦਾ ਨਹੀਂ ਕਰਦੇ ਬਲਕਿ ਦੂਜਿਆਂ ਦੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਨੂੰ ਹਥਿਆ ਲੈਂਦੇ ਹਨ। ਰਿਪੋਰਟ ਮੁਤਾਬਿਕ ਹਿੰਦੁਸਤਾਨ ਵਿਚ 120 ਕਰੋੜ ਦੀ ਵਸੋਂ ਦੀ ਲੁਟ ਕਰਨ ਵਾਲੇ ਇਨ੍ਹਾਂ ਲੋਟੂਆਂ ਦੀ ਗਿਣਤੀ ਸਿਰਫ 1,20000 ਹੈ। ਸਰਕਾਰ ਦੀਆਂ ਸਾਰੀਆਂ ਹੀ ਪਾਲਿਸੀਆਂ ਅਤੇ ਫ਼ੈਸਲੇ ਇਨ੍ਹਾਂ ਮੁੱਠੀ ਭਰ ਦੌਲਤਮੰਦਾ ਦੀਆਂ ਜੇਬਾਂ ਭਰਨ ਲਈ ਹੀ ਹੁੰਦੇ ਹਨ। ਸਰਕਾਰ ਸਮਾਜ ਦੇ ਕੁਦਰਤੀ ਵਸੀਲੇ ਅਤੇ ਉਨ੍ਹਾਂ ਤੋਂ ਪੈਦਾ ਕੀਤੀ ਹੋਈ ਦੌਲਤ ਇਨ੍ਹਾਂ ਦੇ ਹੱਥਾਂ ਵਿਚ ਹੀ ਦੇ ਰਹੀ ਹੈ। ਸਾਫ਼ ਜ਼ਾਹਿਰ ਹੈ ਕਿ ਮਨਮੋਹਨ ਸਿੰਘ ਦੀ ਸਰਕਾਰ ਵਲੋਂ ਕੀਤੇ ਗਏ ਆਮ ਆਦਮੀ ਦੀ ਭਲਾਈ ਅਤੇ ਖ਼ੁਸ਼ਹਾਲੀ ਦੇ ਵਾਅਦੇ ਅਤੇ ਐਲਾਨ ਸਿਰਫ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਦੇ ਇਲਾਵਾ ਹੋਰ ਕੁਝ ਨਹੀਂ।

ਲੋਕ ਆਪਣੇ ਹੱਥਾਂ ਰਾਹੀਂ ਪੈਦਾ ਕੀਤੀ ਦੌਲਤ ਆਪਣੇ ਹੱਥਾਂ ਵਿਚ ਰੱਖਣ ਲਈ ਪੁਰਜ਼ੋਰ ਘੋਲ ਚਲਾ ਰਹੇ ਹਨ। ਮਨਮੋਹਨ ਸਿੰਘ ਦੀ ਸਰਕਾਰ ਗੋਲੀ ਅਤੇ ਬਾਰੂਦ ਨਾਲ ਉਨ੍ਹਾਂ  ਦੇ ਘੋਲ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਹੁਣ ਲੋਕ ਵੀ ਆਪਣੀ ਲੁੱਟ ਖ਼ਤਮ ਕਰਨ ਦੀ ਲੜਾਈ ਲੜਨ ਲਈ ਮਜਬੂਰ ਹਨ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ।